# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਮੀਮੋਨੰ:DySPD (PEDB)/2021/111848 ਮਿਤੀ: 31.03.2021

## ਜਨਤਕ ਸੂਚਨਾ

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ Punjab ICT Education Society (PICTES) ਅਧੀਨ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਲਈ ਤਬਾਦਲਾ ਨੀਤੀ ਮੀਮੋ ਨੰ 5/3-ICT-2019/Trans/303800, ਮਿਤੀ 13.09.2019 ਅਤੇ Education Provider, EGS/AIE/STR Volunteers ਲਈ ਤਬਾਦਲਾ ਨੀਤੀ ਮੀਮੋ ਨੰ SSA/HR/Transfer/2020/118750 ਮਿਤੀ 22.05.2020 ਜਾਰੀ ਕੀਤੀ ਗਈ ਸੀ। ਜੋ ਸ਼ੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਹਨ ਉਹ ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਤੇ ਬਦਲੀਆਂ ਲਈ ਲਾਗੂ ਹੋਣਗੀਆਂ।

3.0 ਜੋ ਅਧਿਆਪਕ, ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਪਲਿਸੀ ਅਨੁਸਾਰ ਕਵਰ ਹੁੰਦੇ ਹਨ ਉਨ੍ਹਾਂ ਦੀਆਂ ਸਿੱਖਿਆ ਵਿਭਾਗ ਵਲੋਂ ਮਿਤੀ 06.02.2021 ਤੋਂ 07.03.2021 ਤੱਕ ਬਦਲੀਆਂ ਲਈ Online ਬੇਨਤੀਆਂ ਜਨਤਕ ਸੂਚਨਾਂ ਮੀਮੋ ਨੰ: **DySPD (PEDB)/2021/46954** ਮਿਤੀ 06.02.2021, **DySPD (PEDB)/2021/60797** ਮਿਤੀ 16.02.2021 ਅਤੇ **DySPD (PEDB)/2021/80467** ਮਿਤੀ 04.03.2021 ਰਾਹੀਂ ਜਾਰੀ ਕਰਕੇ ਮੰਗੀਆਂ ਗਈਆਂ ਸਨ।

4.0 ਪ੍ਰਾਪਤ ਪ੍ਰਤੀਬੇਨਤੀਆਂ ਦੇ ਅਧਾਰ ਤੇ ਵੱਖ ਵੱਖ ਕਾਡਰ ਦੇ ਯੋਗ ਦਰਖਾਸਤ ਕਰਤਾਵਾਂ ਦੇ ਸਿੱਖਿਆ ਵਿਭਾਗ ਵਲੋਂ ਮਿਤੀ 24.03.2021 ਨੂੰ ਆਨਲਾਈਨ ਬਦਲੀਆਂ ਦੇ ਹੁਕਮ ਜਾਰੀ ਕੀਤੇ ਗਏ ਸਨ। ਇਸ ਦਫਤਰ ਦੀ ਜਨਤਕ ਸੂਚਨਾਂ ਮੀਮੋ ਨੰ: **DySPD (PEDB)/2021/104044** ਮਿਤੀ 25.03.2021 ਰਾਹੀਂ ਅਧਿਆਪਕਾਂ ਨੂੰ ਬਦਲੀ ਰੱਦ ਕਰਵਾਉਣ ਦਾ ਇੱਕ ਮੌਕਾ ਮਿਤੀ 25.03.2021 ਤੋਂ 26.03.2021 ਤੱਕ ਦਿੱਤਾ ਗਿਆ ਸੀ।

5.0 ਵਿਭਾਗ ਨੂੰ ਅਧਿਆਪਕਾਂ ਤੋਂ ਬੇਨਤੀਆਂ ਪ੍ਰਾਪਤ ਹੋ ਰਹੀਆਂ ਹਨ ਕਿ ਅਜੇ ਵੀ ਕੁਝ ਅਧਿਆਪਕ ਆਪਣੀ ਬਦਲੀ ਰੱਦ ਕਰਵਾਉਣ ਤੋਂ ਰਹਿ ਗਏ ਹਨ। ਅਧਿਆਪਕਾਂ ਦੀ ਬੇਨਤੀ ਤੇ ਵਿਚਾਰ ਕਰਦੇ ਹੋਏ ਉਹਨਾਂ ਨੂੰ ਮਿਤੀ 01.04.2021 ਤੱਕ ਬਦਲੀ ਰੱਦ ਕਰਵਾਉਣ ਦਾ ਇੱਕ ਮੌਕਾ ਦਿੱਤਾ ਜਾਂਦਾ ਹੈ। ਅਜਿਹੇ ਅਧਿਆਪਕ ਈ ਪੰਜਾਬ ਸਕੂਲ ਪੋਰਟਲ ਤੇ ਲਾਗ ਇੰਨ ਕਰਕੇ Transfer Cancellation Link ਤੇ Click ਕਰਕੇ

ਬਦਲੀ ਰੱਦ ਕਰਵਾਉਣ ਲਈ ਆਨਲਾਈਨ ਆਪਣੀ ਬੇਨਤੀ ਮਿਤੀ 01.04.2021 ਤੱਕ ਦੇ ਸਕਦੇ ਹਨ। ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਬਦਲੀ ਰੱਦ ਕਰਵਾਉਣ ਸਬੰਧੀ ਮੁੱਖ ਦਫਤਰ ਵਿਖੇ ਦਸਤੀ ਦਰਖਾਸਤਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**